# ਐਥੀਉਨਾਮਾਈਡ
## ETHIONAMIDE

Ethionamide (ਐਥੀਉਨਾਮਾਈਡ) ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਸ ਦੀ ਵਰਤੋਂ ਟੀ.ਬੀ. (ਤਪਦਿਕ) ਅਤੇ ਕਦੇ-ਕਦੇ ਹੋਰਨਾਂ ਸੰਬੰਧਤ ਇਨਫ਼ੈਕਸ਼ਨਾਂ ਦੇ ਇਲਾਜ ਲਈ ਕੀਤੀ ਜਾਂਦੀ ਹੈ।

### ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (When should I take this?)

- ਪੇਟ ਖ਼ਰਾਬ ਹੋਣ ਦੇ ਆਸਾਰ ਘਟਾਉਣ ਲਈ ਇਸ ਨੂੰ ਭੋਜਨ ਜਾਂ ਦੁੱਧ ਨਾਲ ਲਓ।
- ਇਹ ਦਵਾਈ ਹਰ ਰੋਜ਼ ਇੱਕੋ ਸਮੇਂ 'ਤੇ ਲਓ। ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।

### ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)

- ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਦਵਾਈ ਨੂੰ ਨੇਮਬੱਧ ਢੰਗ ਨਾਲ ਲਓ।
- ਆਪਣੇ ਡਾਕਟਰ ਦੇ ਨਿਰਦੇਸ਼ ਅਨੁਸਾਰ ਦਵਾਈ ਲਓ।
- ਤੁਸੀਂ ਇਹ ਦਵਾਈ ਲੈਣੀ ਹੈ:
  - ☐ ________________________________

### ਜੇ ਮੈਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose?)

- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਭੁੱਲੀ ਹੋਈ ਖ਼ੁਰਾਕ ਨੂੰ ਨਾ ਲਓ।
- **ਦੁੱਗਣੀ ਖ਼ੁਰਾਕ ਨਾ ਲਓ।**

### ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)

- ਸ਼ਰਾਬ

ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੋਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ **ਕੋਈ ਹੋਰ ਦਵਾਈਆਂ ਲੈ ਰਹੇ ਹੋ** ਤਾਂ ਉਨ੍ਹਾਂ ਬਾਰੇ ਆਪਣੇ ਫ਼ਾਰਮਾਸਿਸਟ (ਦਵਾਸਾਜ) ਨੂੰ ਦੱਸੋ।

### ਇਸ ਦੇ ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)

- ਸਿਰ ਦਰਦ
- ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ
- ਦਸਤ ਲੱਗਣੇ, ਪੇਟ ਖ਼ਰਾਬ ਹੋਣਾ
- ਮੂੰਹ ਵਿੱਚ ਧਾਤ ਵਰਗਾ ਸਵਾਦ
- ਬਹੁਤ ਜ਼ਿਆਦਾ ਥੁੱਕ ਬਣਨਾ
- ਚੱਕਰ ਆਉਣੇ ਜਾਂ ਸੁਸਤੀ ਚੜ੍ਹਨੀ
- ਭਾਰ ਘੱਟ ਹੋ ਜਾਣਾ
- ਚਿਹਰੇ ਉੱਪਰ ਬੇਚੈਨੀ ਜਾਂ ਮੂੰਹ ਵਿੱਚ ਛਾਲੇ
- ਹੱਥਾਂ ਜਾਂ ਪੈਰਾਂ ਵਿੱਚ ਜਲ਼ਨ ਜਾਂ ਝੁਣਝੁਣੀ ਹੋਣੀ ਜਾਂ ਹੱਥ-ਪੈਰ ਸੁੰਨ ਹੋਣੇ

# ਐਥੀਉਨਾਮਾਈਡ (ਚਲਦਾ)
**ETHIONAMIDE** (cont'd)

Ethionamide ਦੇ ਕੁਝ ਮਾੜੇ ਪ੍ਰਭਾਵਾਂ ਨੂੰ ਘਟਾਉਣ ਲਈ ਤੁਹਾਡਾ ਡਾਕਟਰ ਤੁਹਾਨੂੰ pyridoxine (Vitamin B6) (ਪਾਇਰੀਡੌਕਸੀਨ - ਵਿਟਾਮਿਨ ਬੀ6) ਤਜਵੀਜ਼ ਕਰ ਸਕਦਾ ਹੈ। ਜੇਕਰ ਤੁਹਾਨੂੰ ਆਪਣੇ ਹੱਥਾਂ ਜਾਂ ਪੈਰਾਂ ਵਿੱਚ ਜਲਨ, ਝੁਣਝੁਣੀ ਜਾਂ ਸੁੰਨਤਾ ਦਾ ਅਹਿਸਾਸ ਹੁੰਦਾ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ।

**ਸਾਵਧਾਨ (Caution): ਜੇਕਰ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਨੂੰ ਫ਼ੋਨ ਕਰੋ:**
- ਅੱਖ ਵਿੱਚ ਦਰਦ ਨਾਲ ਜਾਂ ਦਰਦ ਤੋਂ ਬਿਨਾਂ ਨਿਗ੍ਹਾ ਧੁੰਦਲੀ ਹੋਣੀ
- ਬੁਖ਼ਾਰ
- ਵਾਰ-ਵਾਰ ਜੀਅ ਕੱਚਾ ਹੋਣਾ ਜਾਂ ਉਲਟੀਆਂ ਆਉਣੀਆਂ
- ਚਮੜੀ ਜਾਂ ਅੱਖਾਂ ਦਾ ਪੀਲਾਪਨ
- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਭੁੱਖ ਨਾ ਲੱਗਣੀ
- ਗੂੜ੍ਹੇ ਰੰਗ ਦਾ ਪਿਸ਼ਾਬ
- ਮਾਨਸਿਕ, ਮੂਡ ਜਾਂ ਵਿਹਾਰ ਬਦਤਰ ਹੋਣਾ ਜਾਂ ਇਨ੍ਹਾਂ ਵਿੱਚ ਵਿੱਚ ਨਵੀਆਂ ਤਬਦੀਲੀਆਂ
- ਧੱਫੜ

**Ethionamide ਲੈਣ ਬਾਰੇ ਮੈਨੂੰ ਹੋਰ ਕੀ ਪਤਾ ਹੋਣਾ ਚਾਹੀਦਾ ਹੈ? (What else do I need to know about taking ethionamide?)**
- ਜੇਕਰ ਤੁਹਾਨੂੰ **ਡਾਇਬੀਟੀਜ਼** ਹੈ ਤਾਂ ਇਹ ਦਵਾਈ ਲੈਂਦੇ ਹੋਏ ਆਪਣੇ ਖ਼ੂਨ ਵਿੱਚ ਗਲੂਕੋਸ ਦੇ ਪੱਧਰ ਦੀ ਬਾਕਾਇਦਾ ਜਾਂਚ ਕਰਵਾਓ।
- ਜੇਕਰ ਤੁਸੀਂ **ਥਾਇਰੌਇਡ** ਦੀ ਦਵਾਈ ਲੈ ਰਹੇ ਹੋ ਤਾਂ ਥਾਇਰੌਇਡ ਦੀ ਕਾਰਗੁਜ਼ਾਰੀ ਦੀ ਸਮੇਂ-ਸਮੇਂ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ।
- ਜੇਕਰ ਤੁਸੀਂ **ਗਰਭਵਤੀ** ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ **ਆਪਣਾ ਦੁੱਧ ਚੁੰਘਾਉਣ** ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

**ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ? (Where should I store this medication?)**
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੋਸ਼ਨੀ ਤੋਂ ਬਚਾਓ
- ਗੋਲ਼ੀਆਂ: ਠੰਡੇ, ਖ਼ੁਸ਼ਕ ਵਾਤਾਵਰਨ ਵਿੱਚ ਕਮਰੇ ਦੇ ਤਾਪਮਾਨ 'ਤੇ ਅਜਿਹੇ ਡੱਬੇ ਵਿੱਚ ਰੱਖੋ ਜਿਸ ਨੂੰ ਕਸ ਕੇ ਬੰਦ ਕੀਤਾ ਜਾ ਸਕੇ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)**

ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ______________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: | 604-707-2580 |